# ਅੱਖਰ

ਅਪ੍ਰੈਲ-ਮਈ-ਜੂਨ
2023



₹ 140/-

# ਸੰਪਾਦਕੀ ਮੰਡਲ


ਸਰਪ੍ਰਸਤ ਤੇ ਵਿਦੇਸ ਸੰਪਾਦਕ
ਡਾ. ਕਰਨੈਲ ਸਿੰਘ ਸ਼ੇਰਗਿੱਲ
0044 07803 142642
shergillkarnail@gmail.com

ਨਿਗਰਾਨ ਤੇ ਵਿਦੇਸ ਸੰਪਾਦਕ
ਪਰਮਿੰਦਰ ਸੋਢੀ
0081-905-96-8670
sodhiparminder@gmail.com

ਸਰਪ੍ਰਸਤ
ਡਾ. ਵਿਕਰਮਜੀਤ
98152-65620

ਮੁੱਖ ਸੰਪਾਦਕ
ਵਿਸ਼ਾਲ
99884-23237
vishalnewseditor@gmail.com

ਸੰਪਾਦਕੀ ਬੋਰਡ
ਪ੍ਰੋ. ਬਖ਼ਤੌਰ ਧਾਲੀਵਾਲ
ਮੋ. 84274-66488
ਡਾ. ਸੰਦੀਪ ਮਨਨ
ਤਰਲੋਚਨ, ਸ਼ੇਖਰ

ਦਲਵੀਰ ਕੌਰ ਯੂ.ਕੇ. ਵਿਸ਼ੇਸ਼ ਰਚਨਾਤਮਕ ਸਹਿਯੋਗ

ਸਲਾਹਕਾਰ
ਪ੍ਰੇਮ ਮਾਨ (ਅਮਰੀਕਾ)

ਪ੍ਰਬੰਧਕੀ ਸੰਪਾਦਕ
ਡਾ. ਹਰਪ੍ਰੀਤ ਗਿੱਲ (ਅਮਰੀਕਾ)
ਅਜਮੇਰ ਸਿੱਧੂ

ਵਿਦੇਸ ਸੰਪਾਦਕ
ਮੇਜਰ ਭੁਪਿੰਦਰ ਦਲੇਰ (ਯੂ.ਐੱਸ.ਏ)

ਵਿਸ਼ੇਸ਼ ਸਹਿਯੋਗ
ਕਰਨਲ ਕੰਵਲਜੀਤ ਸਿੰਘ
ਬਲਵਿੰਦਰ ਸੰਧਾ
ਕੰਵਲਜੀਤ ਫਰੀਡਮ

ਰਚਨਾਤਮਕ ਸਹਿਯੋਗ
ਮਲਵਿੰਦਰ, ਕੰਵਲਜੀਤ ਭੁੱਲਰ




ਬਾਨੀ ਸੰਪਾਦਕ
**ਪ੍ਰਮਿੰਦਰਜੀਤ**

**ਜ਼ਰੂਰੀ ਸੂਚਨਾ**

- 'ਅੱਖਰ' ਵਿਚ ਛਪੀ ਕਿਸੇ ਵੀ ਰਚਨਾ ਜਾਂ ਇਸ਼ਤਿਹਾਰ ਸਬੰਧੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ। ਸੰਪਾਦਕੀ ਬੋਰਡ ਦਾ ਕਿਸੇ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ, ਪਾਠਕ ਖ਼ੁਦ ਹੀ ਵਾਚਣ।
- ਸਭ ਹੱਕ ਸੰਪਾਦਕ ਦੇ ਰਾਖਵੇਂ ਹਨ।
- ਕਾਨੂੰਨੀ ਕਾਰਵਾਈ ਅੰਮ੍ਰਿਤਸਰ ਵਿਖੇ ਹੀ ਹੋਵੇਗੀ


**ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਡਾਕ ਪਤਾ**
ਵਿਸ਼ਾਲ, ਪਿੰਡ ਤੇ ਡਾਕ ਘਰ ਬਿਆਸ, ਜ਼ਿਲ੍ਹਾ ਅੰਮ੍ਰਿਤਸਰ-143201
ਡਾ. ਵਿਕਰਮਜੀਤ, 201, ਬਸੰਤ ਐਵੀਨਿਊ, ਅੰਮ੍ਰਿਤਸਰ-143001
ਬਖਤੌਰ ਧਾਲੀਵਾਲ, 38, ਪਿੰਡ ਉਮਰਾਨੰਗਲ ਡਾਕ. ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ-143202

**ਮਾਇਕ ਸਹਿਯੋਗ ਭੇਜਣ ਲਈ**
**Dr. Vikramjit Singh, Vishal Arora**
**ਅਕਾਊਂਟ ਨੰਬਰ** 50356933315 **IFS Code : IDIB000B704**
**INDIAN BANK BEAS BRANCH**

**ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ** : ਵਿਸ਼ਾਲ ਗ੍ਰਾਫ਼ਿਕਸ
**ਪ੍ਰਿੰਟਰਜ਼** : ਪ੍ਰਿੰਟਵੈੱਲ, ਅੰਮ੍ਰਿਤਸਰ, **ਪ੍ਰਕਾਸ਼ਕ** : ਵਿਸ਼ਾਲ, ਬਿਆਸ, ਅੰਮ੍ਰਿਤਸਰ

**ਮੁੱਲ : 140 ਰੁਪਏ**
**ਦੋ ਸਾਲਾਂ ਦਾ ਚੰਦਾ:1000 ਰੁਪਏ**
**ਯੂ.ਕੇ. ਲਈ ਚੰਦਾ: 50 ਪੌਂਡ**
**ਅਮਰੀਕਾ ਤੇ ਕੈਨੇਡਾ:100 ਡਾਲਰ**

# ਅੱਖਰ

ਅਪ੍ਰੈਲ-ਮਈ-ਜੂਨ 2023

## ਅੰਦਰ ਪੜ੍ਹੋ


- ★ ਸੰਪਾਦਕੀ / ਵਿਸ਼ਾਲ 3
- ★ ਆਇਡਿਅਲ ਟਾਊਨ / ਇਲਿਆਸ ਘੁੰਮਣ 7
- ★ ਟੱਪ-ਕਣੀਆਂ (ਕਿਸ਼ਤ-2) / ਦਲਵੀਰ ਕੌਰ ਯੂ. ਕੇ 12
- ★ ਸ਼ਰਤ / ਜਿੰਦਰ 13
- ★ ਆਸਤਿਕ ਜਾਂ ਨਾਸਤਿਕ / ਡਾ. ਕਰਨੈਲ ਸ਼ੇਰਗਿੱਲ 21
- ★ ਸਿੰਗਲ ਮਦਰ / ਕੁਲਜੀਤ ਮਾਨ 27
- ★ ਜ਼ਹਿਰ / ਹਰਜੀਤ ਅਟਵਾਲ 41
- ★ PB-1331 / ਅਨੇਮਨ ਸਿੰਘ 44
- ★ ਕਵਿਤਾਵਾਂ / ਸੀਰਤਪਾਲ 51
- ★ ਕਵਿਤਾਵਾਂ / ਨਰਿੰਦਰਪਾਲ ਕੌਰ 52
- ★ ਕਵਿਤਾਵਾਂ / ਸਤਪਾਲ ਭੀਖੀ 53
- ★ ਕਵਿਤਾਵਾਂ / ਡਾ. ਲਕਸ਼ਮੀ ਨਰਾਇਣ ਭੀਖੀ 54
- ★ ਕਵਿਤਾਵਾਂ / ਡਾ. ਵਿਕਰਮਜੀਤ 55
- ★ ਗ਼ਜ਼ਲ / ਡਾ. ਧੁੱਗਾ ਗੁਰਪ੍ਰੀਤ 56
- ★ ਕਵਿਤਾਵਾਂ / ਸੀਰਤ 57
- ★ ਟਰੰਕੀ / ਭਗਵਾਨ ਢਿੱਲੋਂ 62
- ★ ਕਵਿਤਾਵਾਂ / ਹਰਬੰਸ ਸਿੰਘ ਤਸੱਵੁਰ 63
- ★ ਕਵਿਤਾਵਾਂ / ਕੈਫ਼ੀ 64
- ★ ਕਵਿਤਾਵਾਂ / ਰਮਨਪ੍ਰੀਤ ਕੌਰ ਰੰਧਾਵਾ 65
- ★ ਕਵਿਤਾਵਾਂ / ਸ਼ਮਿੰਦਰ 66
- ★ ਆਹ ! ਮੋਬਾਈਲ / ਜੋਗੇ ਭੰਗਲ 67
- ★ ਗ਼ਜ਼ਲ / ਵਿਨੋਦ ਖੰਨਾ 67
- ★ ਕਵਿਤਾਵਾਂ / ਜਸਪਾਲ ਧਾਮੀ (ਕੈਨੇਡਾ) 68
- ★ ਸੁੱਚੇ ਰਿਸ਼ਤਿਆਂ ਦਾ ਜਸ਼ਨ / ਅਮਰੀਕ ਗਿੱਲ 70
- ★ ਸਰਬਜੀਤ ਕੌਰ ਜੱਸ ਨਾਲ ਸੰਵਾਦ / ਦਰਸ਼ਨ ਦਰਵੇਸ਼ 72
- ★ ਦਰਿਆਵਾਂ ਦੇ ਹਾਣੀ / ਸ਼ਹਿਜ਼ਾਦ ਅਸਲਮ / ਲਿਪੀਅੰਤਰ : ਖ਼ਾਲਿਦ ਫ਼ਰਹਾਦ ਧਾਰੀਵਾਲ 78
- ★ ਮੁਖਤਿਆਰ-ਨਾਮਾ / ਵਿਕੇਸ਼ ਨਿਝਾਵਨ / ਪੰਜਾਬੀ ਅਨੁਵਾਦ : ਗੁਰਮਾਨ ਸੈਣੀ 91
- ★ ਅਫ਼ਜ਼ਲ ਤੌਸੀਫ਼ ਦੇ ਮਨ ਦੀ ਇਕ ਹੋਰ ਬਸਤੀ : ਮੌਤ / ਅਜਮੇਰ ਸਿੱਧੂ 96
- ★ ਹਿੰਦੀ ਕਵੀ ਆਤਮਾ ਰੰਜਨ ਦੀਆਂ ਕਵਿਤਾਵਾਂ / ਅਨੁਵਾਦ ਅਮਰਜੀਤ ਕੌਂਕੇ 100
- ★ ਹੁਣ ਮੈਂ ਆਪਣੇ ਸੁਪਨਿਆਂ ਨੂੰ ਪੀਂਦੀ ਹਾਂ...ਨਿੱਕੀ ਜਿਓਵਾਨੀ / ਅਨੁਵਾਦ ਗੁਰਪ੍ਰੀਤ 104
- ★ ਹਿੰਦੀ ਕਵਿਤਾ : ਉਹ ਤੇ ਮੈਂ / ਭਾਸਕਰ ਤ੍ਰਿਪਾਠੀ / ਅਨੁਵਾਦ ਸਤਪਾਲ ਭੀਖੀ 108
- ★ ਕਵਿਤਾਵਾਂ / ਦੇਵਿੰਦਰ ਬਿਮਰਾ 109
- ★ ਔਰਤਾਂ ਬਹੁਤ ਅਜੀਬ ਹੁੰਦੀਆਂ ਨੇ / ਗੁਲਜ਼ਾਮ / ਅਨੁਵਾਦ / ਪ੍ਰੋ. ਯੋਗੇਸ਼ਵਰ ਕੌਰ 110
- ★ ਕਵਿਤਾਵਾਂ / ਕੇਦਾਰਨਾਥ ਸਿੰਘ 111
- ★ ਕਵਿਤਾਵਾਂ / ਗੁਰਦੀਪ ਗਿੱਲ 116
- ★ ਪੁਸਤਕ ਸਮੀਖਿਆ 117
- ★ ਬੁੱਕਸ਼ੈਲਫ਼ 'ਚੋਂ 134

**ਸੰਪਾਦਕੀ ਨੋਟ**

# ਪਬਲਿਸ਼ਰ ਮਾਫ਼ੀਆ-ਸਾਹਿਤ ਦਾ ਹੋ ਰਿਹਾ ਘਾਣ, ਲੇਖਕ ਅਣਜਾਣ, ਪਾਠਕ ਕਿੱਥੇ ਜਾਣ ?



**ਵਿਸ਼ਾਲ**

ਪਬਲਿਸ਼ਰ, ਪਾਠਕ ਤੇ ਲੇਖਕ ਦਾ ਰਿਸ਼ਤਾ ਜਿੰਨਾ ਖ਼ੂਬਸੂਰਤ ਤੇ ਇਕ ਤੰਦ ਵਿਚ ਪਰੋਇਆ ਹੋਣਾ ਚਾਹੀਦਾ ਹੈ ਇਹ ਉਨਾਂ ਹੀ ਖਰਵਾਂ ਤੇ ਤ੍ਰੇੜਾਂ ਨਾਲ ਭਰਿਆ ਪਿਆ ਹੈ ਜੋ ਓਪਰੇ ਜਿਹੇ ਖਿਆਲ ਨਾਲ ਸਮਝਣਾ ਬਹੁਤ ਔਖਾ ਹੈ ਜਾਂ ਇੰਜ ਕਹਿ ਲਵੋ ਕਿ ਪਬਲਿਸ਼ਰ ਬਾਣੀਆਂ ਬਣ ਕੇ ਆਪਣੀ ਹੱਟੀ ’ਤੇ ਬੈਠਾ ਹੈ ਤੇ ਆਮ ਲੇਖਕ ਦੀ ਉਸ ਤੱਕ ਪਹੁੰਚ ਕਰਨੀ ਮਜ਼ਬੂਰੀ ਹੈ ਤੇ ਪਾਠਕ ਮੱਖਣ ਸ਼ਾਹ ਲੁਬਾਣੇ ਵਾਂਗੂ ਮੋਹਰਾਂ ਵੰਡੀਂ ਜਾ ਰਿਹਾ ਹੈ ਤੇ ਧੋਖੇ ਦੀ ਖਰੀਦਦਾਰੀ ਕਰੀ ਜਾ ਰਿਹਾ ਹੈ। ਪਾਠਕ ਤਾਂ ਹੈ, ਪਰ ਕਿਤਾਬ ਨਹੀਂ ਹੈ। ਪਬਲਿਸ਼ਰਾਂ ਦੇ ਗੁਦਾਮ ਭਰੇ ਪਏ ਨੇ। ਪਾਠਕ ਦਾ ਵਿਸ਼ਵਾਸ ਟੁੱਟ ਰਿਹਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਇਸ ਦਾ ਜ਼ੁੰਮੇਵਾਰ ਕੌਣ ਹੈ ? ਅਲੇਖਕਾਂ ਦੀ ਭੀੜ ? ਪਬਲਿਸ਼ਰਾਂ ਦੀ ਭੀੜ ? ਫੇਸਬੁੱਕ ’ਤੇ ਸਰਗਰਮ ਸਾਹਿਤ ਸਭਾਵਾਂ ਦੀ ਭੀੜ ਜਾਂ ਫਿਰ ਵਟਸਐਪ ’ਤੇ ਬਣੇ ਅਕਾਦਮਿਕ ਗਰੁੱਪਾਂ ਦਾ ਬੋਲਬਾਲ ਜਿੰਨਾਂ ਤੋਂ ਮਿਲਦੀ ਹੱਲਾਸ਼ੇਰੀ ਜੋ ਨਵੇਂ ਲੇਖਕਾਂ ਨੂੰ ਰਾਤੋ-ਰਾਤ ਸਟਾਰ ਬਣਾ ਦਿੰਦੇ ਹਨ ਤੇ ਇਹ ਭਰਮ ਨਵੇਂ ਲੇਖਕ ਨੂੰ ਪ੍ਰਕਾਸ਼ਕ ਦੀ ਹੱਟੀ ’ਤੇ ਲੈ ਕੇ ਚਲਾ ਜਾਂਦਾ ਹੈ। ਇੱਥੋਂ ਹੀ ‘ਚੁੱਕ-ਚੁਕਾਅ’ ਸ਼ੁਰੂ ਹੁੰਦਾ ਹੈ। ਕਿਤਾਬ ਛਪ ਕੇ ਆਉਂਦੀ ਹੈ....ਪੀਪਣੀਆਂ ਦਾ ਵਰਲਾਪ ਹੁੰਦਾ ਹੈ ਤੇ ਨਾਗਣ ਡਾਂਸ ਦੀ ਸ਼ੁਰੂਆਤ ਹੁੰਦੀ ਹੈ। ਸਾਹਿਤਕ ਮੱਠਾਂ ਦੇ ਸਰਦਾਰ ਆਪਣੇ ਤਜ਼ਰਬੇ ਦੀ “ਮਣੀ” ਨਾਲ ਇਸ ਵਰਤਾਰੇ ਨੂੰ ਕੀਲ ਕੇ ਜੈ-ਕਾਰਿਆਂ ਦੀ ਗੂੰਜ ’ਚ ਮੁਖ ਵਕਤਾ ਨੂੰ ਮਦਹੋਸ਼ ਕਰ ਦਿੰਦੇ ਹਨ। ਜਿਸਦੀ ਗੂੰਜ ਹੋਰ ਸਾਹਿਤਕ ਮੱਠਾਂ ਤੱਕ ਪਹੁੰਚਦੀ ਹੈ ਤੇ ਉਹ ਵੀ ਇਸ ਲੜੀ ਨੂੰ ਆਪਣੇ ਮੱਠ ਵਿਚ ਪ੍ਰਚੰਡ ਕਰਨ ਲਈ ‘ਤਾਰੀਫ਼ ਹਵਨ’ ਦਾ ਜੱਗ ਕਰਦੇ ਹਨ। ਇਹ ਸਿਲਸਿਲਾ ‘ਕਰੋਨਾ ਕਾਲ’ ਤੋਂ ਬਾਅਦ ਬੜੀ ਤੇਜੀ ਨਾਲ ਫੈਲ ਰਿਹਾ ਹੈ। ਮਦਹੋਸ਼ ਹੋਇਆ ਕਵੀ/ਕਵਿੱਤਰੀ ਆਪਣੀ ਕਿਤਾਬ ਇੰਜ ਵੰਡਦੇ ਹਨ ਜਿਵੇਂ ਲੋਹੜੀ ਵਾਲੇ ਦਿਨ “ਵਧਾਈ ਵਾਲੇ ਘਰ” ਫੁੱਲੇ ਤੇ ਗੁੜ ਵੰਡਦੇ ਹਨ ਤੇ ਗਲੀਆਂ ’ਚ ਨਿਆਣੇ ਗਾਉਂਦੇ ਫਿਰਦੇ ਹਨ ਕਿ “ਸਾਨੂੰ ਦੇ ਲੋਹੜੀ ਤੇਰੀ ਜੀਵੇ ਜੋੜੀ” ਤੇ ਲੇਖਕ ਦੂਜੀ ਕਿਤਾਬ ਜੰਮਣ ਬਾਰੇ ਸੋਚਦਾ ਸ਼ੁਰੂ ਕਰ ਦਿੰਦਾ ਹੈ।

ਪੰਜਾਬੀ ਦੀਆਂ ਲੱਗਭਗ ਪੰਜ ਸੌ ਤੋਂ ਸੱਤ ਸੌ ਕਿਤਾਬਾਂ ਹਰ ਸਾਲ ਛਪਦੀਆਂ ਹਨ। ਇਹ ਕਿਤਾਬਾਂ ਤੋਲਣ ਵਾਲੀਆਂ ਹੱਟੀਆਂ ਕੈਨੇਡਾ ਵਰਗੇ ਦੇਸ ਦੇ ਕਈ ਸ਼ਹਿਰਾਂ ’ਚ ਖੁੱਲ੍ਹ ਗਈਆਂ ਹਨ ਜਿੱਥੇ ਧੜਾਧੜ ਕਿਤਾਬਾਂ ਛਪ ਰਹੀਆਂ ਹਨ। ਜਿਵੇਂ ਚੰਗੇ ਲੇਖਕ ਨੇ ਸੋਚਣਾ ਹੁੰਦਾ ਹੈ ਕਿ ਕੀ ਨਹੀਂ ਲਿਖਣਾ। ਇਵੇਂ ਹੀ ਪ੍ਰਕਾਸ਼ਕ ਨੂੰ ਸੋਚਣਾ ਚਾਹੀਦਾ ਹੈ ਕਿ ਕਿਸ ਖਰੜੇ ਨੂੰ ਹੱਥ ਪਾਉਣਾ ਹੈ ਪਰ ਏਥੇ ਬਿਲਕੁਲ ਉਲਟ ਹੈ, ‘ਲਿਆ ਦੇ, ਤੇ ਤੁਰਦਾ ਬਣ’। ਇਹ ਸਭ ਚੱਲ ਰਿਹਾ ਹੈ। ਏਥੋਂ ਤੱਕ ਕਿ ਕਈ ਪ੍ਰਕਾਸ਼ਕ ਤਾਂ ਖਰੜਾ ਪੜ੍ਹਦੇ ਤੱਕ ਨਹੀਂ। ਬੱਸ ਸੌਦਾ ਖਰੀਦਿਆ ਜਾ ਰਿਹਾ ਹੈ, ਸੌਦਾ ਵੇਚਿਆ ਜਾ ਰਿਹਾ ਹੈ। ਹਾਲਾਤ ਏਥੋਂ ਤੱਕ ਪਹੁੰਚ ਗਏ ਹਨ ਕਿ ਕਿਤਾਬਾਂ ਦੇ ਲੰਗਰ ਲੱਗ ਰਹੇ ਹਨ। ਇਹ ਵੀ ਨਹੀਂ ਹੈ ਕਿ ਅਜਿਹੇ ਪ੍ਰਕਾਸ਼ਕ ਚੰਗਾ ਸਾਹਿਤ ਨਹੀਂ ਛਾਪ ਰਹੇ ਪਰ ਜੋ ਹੇਠਲੇ ਪੱਧਰ ਦਾ ਹੋ ਰਿਹਾ, ਜੋ ਨਹੀਂ ਹੋ ਰਿਹਾ ਉਸ ਬਾਰੇ ਗੱਲ ਕਰਨੀ ਬਣਦੀ ਹੈ।

ਕੁਝ ਇਕ ਪ੍ਰਕਾਸ਼ਕ ਤਾਂ ਕਿਤਾਬ ਦੇ ਖਰੜੇ ’ਤੇ ਇਕ ਟੀਮ ਬਣਾਉਂਦੇ ਹਨ ਜਿੰਨ੍ਹਾ ਨੇ ਇਹ ਫੈਸਲਾ ਕਰਨਾ ਹੁੰਦਾ ਹੈ ਕਿ ਉਹਨਾਂ ਵੱਲੋਂ ਇਹ ਕਿਤਾਬ ਛਾਪੀ ਜਾਵੇਗੀ ਜਾਂ ਨਹੀਂ, ਜੇ ਸਾਰੇ ਪਬਲਿਸ਼ਰ ਇੰਜ ਸੋਚਣ ਲੱਗ ਪੈਣ ਤਾ ਕੁਝ ਚੰਗਾ ਹੋਣ ਦੀ ਸੰਭਾਵਲਾ ਵੱਧ ਸਕਦੀ ਹੈ। ਚਰਚਾ ਚਲਦੀ ਹੈ, ਪੰਜਾਬੀ ਦਾ ਪਾਠਕ ਨਹੀਂ ਹੈ, ਕਿਤਾਬ ਨਹੀਂ ਵਿਕਦੀ ਪਰ ਵੇਖਣ ਵਿਚ ਤਾਂ ਇਹੀ ਆਇਆ ਹੈ ਕਿ ਪਾਠਕ ਵੀ ਹੈ ਤੇ ਕਿਤਾਬ ਵੀ ਵਿਕਦੀ ਹੈ। ਪੁਸਤਕ ਮੇਲਿਆਂ ’ਚ ਲੱਖਾਂ ਦੀਆਂ ਕਿਤਾਬਾਂ ਵਿਕਦੀਆਂ ਹਨ ਪਰ ਜਾਂ ਤਾਂ ਉਹ ਪੁਰਾਣੀਆਂ ਹੀ ਸ਼ਾਹਕਾਰ ਕਿਤਾਬਾਂ ਵਿਕਦੀਆਂ ਹਨ ਤੇ ਜਾਂ ਫਿਰ ਅਨੁਵਾਦਿਤ ਪੁਸਤਕਾਂ। ਪਾਠਕ ਤਾਂ ਪੜ੍ਹਨਾ ਚਾਹੁੰਦਾ ਹੈ ਜਿੱਥੇ ਵੀ ਕਿਤੇ ਕਿਸੇ ਵੀ ਪ੍ਰਕਾਸ਼ਕ ਤੋਂ ਉਹ ਪੜ੍ਹਣਯੋਗ ਸਾਹਿਤ ਲੱਭ ਲੈਂਦਾ ਹੈ।

ਜੋ ਲਿਖਦਾ ਹੈ ਉਹ ਲੇਖਕ ਕਿਤਾਬੀ ਰੂਪ ’ਚ ਵੀ ਪ੍ਰਮਾਣਿਤ ਹੋਣਾ ਚਾਹੁੰਦਾ ਹੈ। ਲੇਖਕ ਖ਼ੁਦ ਆਪਣੇ ’ਚ ਸੁਧਾਰ ਲਿਆ ਸਕਦਾ ਹੈ ਉਹ ਆਪਣੇ ਨੇੜਲੇ ਸਾਥੀ ਲੇਖਕਾਂ ਨਾਲ ਆਪਣੀ ਰਚਨਾ ਸਾਂਝੀ ਕਰੇ ਉਹਨਾਂ ਵੱਲੋਂ ਦਿੱਤੇ ਸੁਝਾਵਾਂ ’ਤੇ ਅਮਲ ਕਰੇ। ਆਪਣੀ ਲਿਖੀ ਰਚਨਾ ਨੂੰ ਰੱਦ ਕਰੇ ਫਿਰ ਕਿਤੇ ਜਾ ਕੇ ਚੰਗੇ ਸਾਹਿਤ ਦੀ ਸੰਭਾਵਨਾ ਪੈਦਾ ਹੋ ਸਕਦੀ

ਹੈ। ਸਾਨੂੰ ਵਿਦੇਸੀ ਪਬਲਿਸ਼ਰਾਂ ਦੇ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ ਜਿਵੇਂ ਲੇਖਕ ਆਪਣੀ ਰਚਨਾ ਦਾ 'ਥੀਮ' ਪ੍ਰਕਾਸ਼ਕ ਨਾਲ ਸਾਂਝਾ ਕਰਦਾ ਹੈ, ਵਿਚਾਰ ਚਰਚਾ ਹੁੰਦੀ ਹੈ, ਨੁਕਤੇ ਸਾਂਝੇ ਕੀਤੇ ਜਾਂਦੇ ਹਨ ਫਿਰ ਉਸ ਨੂੰ ਪ੍ਰਕਾਸ਼ਕ ਵਲੋਂ "ਹਾਇਰ" ਕੀਤੇ ਲੇਖਕ ਉਸ ਰਚਨਾ ਦੇ ਵੱਖ-ਵੱਖ ਹਿੱਸੇ ਲਿਖਦੇ ਹਨ ਫਿਰ ਉਹ ਸਾਰੇ ਇਕ ਟੇਬਲ 'ਤੇ ਬੈਠਦੇ ਹਨ ਸਭ ਦੀ ਸਹਿਮਤੀ ਤੋਂ ਬਾਅਦ ਉਹ ਕਿਤਾਬ ਹੋਂਦ ਵਿਚ ਆਉਂਦੀ ਹੈ। ਉਹ ਸ਼ਾਹਕਾਰ ਰਚਨਾ ਬਣਦੀ ਹੈ, ਲੇਖਕ ਨੂੰ ਬਣਦੀ "ਰਿਆਲਟੀ" ਦਿੱਤੀ ਜਾਂਦੀ ਹੈ। ਪਾਠਕ ਦੀ ਗਿਣਤੀ 'ਚ ਵਾਧਾ ਹੁੰਦਾ ਹੈ। ਪੰਜਾਬੀ ਲੇਖਕ ਨੂੰ ਕਾਹਲ ਮਾਰ ਰਹੀ ਹੈ। ਜੰਮਣ ਤੋਂ ਪਹਿਲਾਂ ਹੀ ਲੇਖਕ ਨੂੰ ਬਹੁਤੀਆਂ ਸਾਹਿਤ ਸਭਾਵਾਂ ਗਰਭ ਵਿਚ ਹੀ ਮਾਰ ਦਿੰਦੀਆਂ ਹਨ। ਕੱਚੀਆਂ-ਪਿੱਲੀਆ ਰਚਨਾਵਾਂ 'ਤੇ ਵਾਹ-ਵਾਹ ਕਰਕੇ, ਉੱਤੋਂ ਪ੍ਰਕਾਸ਼ਕ ਅਜਿਹੇ ਲੇਖਕਾਂ ਦੀਆਂ ਕਿਤਾਬਾਂ ਛਾਪ ਕੇ ਲੇਖਕ ਦਾ ਭੱਠਾ ਹੀ ਬਿਠਾ ਦਿੰਦੇ ਹਨ।

ਇਕ ਦਿਨ ਮੈਂ ਇਕ ਪ੍ਰਿੰਟਿੰਗ ਪ੍ਰੈੱਸ 'ਚ ਆਪਣੇ ਨਿੱਜੀ ਕੰਮ ਗਿਆ ਸੀ ਉਹ ਮੇਰਾ ਦੋਸਤ ਵੀ ਹੈ। ਧੜਾ ਧੜ ਛਪ ਰਹੀਆਂ ਕਿਤਾਬਾਂ, ਪਾਠਕਾਂ ਦਾ ਪੰਜਾਬੀ ਸਾਹਿਤ ਤੋਂ ਟੁੱਟ ਰਿਹਾ ਵਿਸ਼ਵਾਸ (ਖਾਸ ਕਰਕੇ ਨਵੇਂ ਲੇਖਕਾਂ ਦੀ ਨਵੀਂ ਪੰਜਾਬੀ ਕਵਿਤਾ ਤੋਂ) ਬਾਰੇ ਗੱਲਬਾਤ ਸ਼ੁਰੂ ਹੋ ਗਈ ਉਸ ਤੋਂ ਪਤਾ ਲੱਗਾ ਕਿ ਮਾਲਵੇ ਦਾ ਇਕ ਵੱਡੀ ਹੱਟੀ ਵਾਲਾ ਪ੍ਰਕਾਸ਼ਕ ਭਾਰਤ ਤੋਂ ਬਾਹਰ ਰਹਿੰਦੇ ਵੱਡੇ ਲੇਖਕਾਂ ਦੀਆਂ ਸਿਰਫ਼ 200 ਕਿਤਾਬਾਂ ਛਾਪਦਾ ਹੈ ਜਿਸ 'ਚੋਂ ਡੇਢ ਸੌ ਉਸ ਨੇ ਲੇਖਕ ਨੂੰ ਦੇਣੀ ਕੀਤੀ ਹੁੰਦੀ ਹੈ। ਇੰਜ ਲੇਖਕ ਦਾ ਰਾਂਝਾ ਰਾਜ਼ੀ ਹੋ ਜਾਂਦਾ ਹੈ ਤੇ ਹੀਰ ਸੈਦਾ ਕਾਣਾ (ਪ੍ਰਕਾਸ਼ਕ) ਵਿਆਹ ਕੇ ਲੈ ਜਾਂਦਾ ਹੈ ਤੇ ਪ੍ਰਕਾਸ਼ਕ ਵੱਡੀ ਕਾਰ ਲੈਣ ਬਾਰੇ ਸੋਚਦਾ ਹੈ ਅਤੇ ਇਕ ਹੋਰ ਹੱਟੀ ਖੋਲ੍ਹਣ ਬਾਰੇ।

ਇਸ ਸਾਰੇ ਵਰਤਾਰੇ 'ਚ ਸਾਰੀਆਂ ਧਿਰਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਹੁਣ ਇਕ ਕਵਿੱਤਰੀ (ਨਵੀਂ) ਕੀ ਕਰਦੀ ਹੈ ਉਦਾਹਰਨ ਵਜੋਂ ਉਹ ਸਵੇਰੇ 8:40 ਮਿੰਟ 'ਤੇ ਕਵਿਤਾ ਲਿਖਦੀ ਹੈ। 8 ਵੱਜ ਕੇ 42 ਮਿੰਟ 'ਤੇ ਉਹ ਫੇਸਬੁੱਕ 'ਤੇ ਪੋਸਟ ਹੋ ਜਾਂਦੀ ਹੈ ਤੇ ਨੌ ਵੱਜਣ ਤੋਂ ਪਹਿਲਾਂ-ਪਹਿਲਾਂ 963 ਲਾਈਕ ਹੋ ਜਾਂਦੇ ਹਨ, ਯਾਨੀ 20 ਮਿੰਟ 'ਚ ਉਹ "ਸਟਾਰ ਪੋਇਟ" ਬਣ ਜਾਂਦੀ ਹੈ। ਕਵਿਤਾ ਦੇ ਨਾਲ ਫੋਟੋ ਵੀ ਐਡਿਟ ਕੀਤੀ ਹੁੰਦੀ ਹੈ।

ਵਿਡੰਬਣਾ ਵੇਖੋ ਕਿ ਕਈ ਲੇਖਕ ਪ੍ਰਕਾਸ਼ਕਾਂ ਦੇ ਗੋਡਿਆਂ ਨੂੰ ਹੱਥ ਲਾਉਂਦੇ ਵੇਖੇ ਜਾਂਦੇ ਹਨ। ਲੇਖਕ ਨੂੰ ਪਤਾ ਨਹੀਂ ਹੈ ਕਿ ਉਸਦੀ ਕਿੰਨੀ ਕਿਤਾਬ ਛਪੀ ਹੈ, ਕਿੰਨੀ ਵਿਕੀ ਹੈ। ਇਸ ਸਾਰੇ ਘਟਨਾ ਕ੍ਰਮ 'ਚ ਧੋਖਾ ਕਿਸ ਨਾਲ ਹੋ ਰਿਹਾ ਹੈ ਲੇਖਕ ਨਾਲ, ਪਾਠਕ ਨਾਲ ? ਏਨਾ ਸੁਆਲਾਂ ਦਾ ਜੁਆਬ ਲੱਭਣਾ ਪਵੇਗਾ ਤੇ ਸਭ ਤੋਂ ਵੱਧ ਨੁਕਸਾਨ ਹੋ ਰਿਹਾ ਹੈ ਪੰਜਾਬੀ ਸਾਹਿਤ ਦਾ। ਪਾਠਕਾਂ ਦੀ ਬੌਧਿਕਤਾ ਨਾਲ ਕੋਝਾ ਮਜ਼ਾਕ ਵੀ ਹੋ ਰਿਹਾ ਹੈ। ਬਹੁਤੀਆਂ ਕਿਤਾਬਾਂ ਸਿਰਫ਼ ਲਾਇਬ੍ਰੇਰੀਆਂ 'ਚ ਘੁੰਮਦੀਆਂ ਰਹਿੰਦੀਆਂ ਹਨ। ਉਹਨਾਂ ਨੂੰ ਪਾਠਕ ਨਹੀਂ ਮਿਲਦੇ ਪਬਲਿਸ਼ਰ ਕੁਝ ਤਾਂ ਸੋਚਣ ?

ਏਥੇ ਮੈਂ ਇਕ ਉਦਾਹਰਣ ਦੇਣੀ ਚਾਹਾਂਗਾ ਕਿ ਕੈਨੇਡਾ, ਅਮਰੀਕਾ ਤੇ ਬ੍ਰਿਟਿਸ਼ ਆਦਿ ਦੇਸਾਂ ਦੇ ਪਬਲਿਸ਼ਰ ਇਕ ਲੇਖਕ ਲਈ ਕੀ ਕਰਦੇ ਹਨ। ਉਹ ਛਪ ਰਹੀ ਕਿਤਾਬ ਦੀ ਪਬਲੀਸਿਟੀ ਵੀ ਆਪ ਹੀ ਕਰਦੇ ਹਨ ਜਿਸ ਦੀ ਜਿਉਂਦੀ ਜਾਗਦੀ ਉਦਾਹਰਣ ਹੈ ਕਿ ਬਰਤਾਨਵੀ ਲੇਖਕ J.K. Rowling ਦਾ ਨਾਵਲ Herry Potter ਦੇ 9 ਵੌਲੀਅਮ ਛਪੇ Bloomsbury Publishing (IN) ਵਲੋਂ। ਇਹ ਨਾਵਲ ਛਪਣ ਤੋਂ ਪਹਿਲਾਂ ਹੀ ਵਿਕ ਚੁੱਕਾ ਸੀ। ਪੰਜਾਬੀ ਵਿਚ ਵੀ ਇੰਜ ਹੋ ਸਕਦਾ ਹੈ ਜੇਕਰ ਪਬਲਿਸ਼ਰ ਥੋੜਾ ਜਿਹਾ ਸਬਰ ਕਰਕੇ ਚੱਲਣ ਤੇ ਨਾਲ ਹੀ ਲੇਖਕ ਵੀ।

## ਸੰਪਾਦਕ ਦੇ ਕਮਰੇ 'ਚ ਬਹੁਤ ਰੌਲਾ ਹੈ

ਸਾਡੇ ਦੇਸ ਦੇ ਹਰ ਸ਼ਹਿਰ, ਹਰ ਪਿੰਡ ਵਿਚ ਬਹੁਤ ਰੌਲਾ ਹੈ। ਬਹੁਤ ਭੀੜ ਹੈ। ਇਹ ਭੀੜ ਇਹ ਰੌਲਾ ਮੇਰੇ ਕਮਰੇ 'ਚ ਦਾਖ਼ਲ ਹੋ ਗਿਆ ਹੈ ਸਭ ਦੇ ਕਮਰਿਆਂ 'ਚ ਇਹੋ ਜਿਹਾ ਰੌਲਾ ਹੈ। ਭਾਰਤ ਦੇ ਹਰ ਖਿੱਤੇ 'ਚ ਹਰ ਬੰਦੇ ਦਾ ਦਮ ਘੁੱਟ ਰਿਹਾ ਹੈ। ਰਾਮਨੌਮੀ ਦੇਸ ਭਰ ਵਿਚ ਮਨਾਈ ਗਈ, ਦੋ ਫਿਰਕਿਆਂ 'ਚ ਹੋਈ ਝੜਪ, ਚੱਲੇ ਇੱਟਾਂ ਰੋੜੇ ਮੇਰੇ ਕਮਰੇ 'ਚ ਖਿੱਲਰੇ ਪਏ ਹਨ। ਪੈਟਰੋਲ ਬੰਬਾਂ ਨੇ ਕਮਰੇ ਦੀਆਂ ਕੰਧਾਂ 'ਚ ਤਰੇੜਾਂ ਪਾ ਦਿੱਤੀਆਂ। ਅੱਥਰੂ ਗੈਸ ਨਾਲ ਕਮਰੇ 'ਚ ਦਮ ਘੁੱਟ ਰਿਹਾ ਹੈ। ਪੱਛਮੀ ਬੰਗਾਲ, ਬਿਹਾਰ ਤੇਲੰਗਾਨਾ, ਮਹਾਂਰਾਸ਼ਟਰ, ਗੁਜਰਾਤ ਅਤੇ ਝਾਰਖੰਡ ਸੂਬਿਆਂ ਦੇ ਲੋਕ ਆਪਣੇ ਦੇਵਤੇ ਨੂੰ ਗਲੀਆਂ ਵਿਚ ਰੋਲ ਰਹੇ ਹਨ। ਧਾਰਮਿਕ ਤਿਉਹਾਰਾਂ ਸਮੇਂ ਅਜਿਹੀ ਫਿਰਕੂ ਹਿੰਸਾ ਕਿਹੜੇ ਲੋਕ ਨੇ ਜੋ ਅਜਿਹੀਆਂ ਵਾਰਦਾਤਾਂ ਕਰਵਾਉਂਦੇ ਹਨ।

ਸਿਆਸੀ ਲੋਕਾਂ ਵਲੋਂ ਹੋਣ ਵਾਲੀਆਂ ਚੋਣਾਂ ਲਈ ਹੱਥਕੰਡੇ ਵਰਤੇ ਜਾ ਰਹੇ ਹਨ। ਪਿਛਲੇ ਸਾਲ ਰਾਮਨੌਮੀ ਤੇ ਹਨੂਮਾਨ ਜਯੰਤੀ ਮੌਕੇ ਦਿੱਲੀ ਅਤੇ ਮੱਧਪ੍ਰਦੇਸ਼ 'ਚ ਹੋਈਆਂ ਘਟਨਾਵਾਂ ਦੀ ਯਾਦ ਤਾਜ਼ਾ ਹੋ ਗਈ। ਬੰਦੇ ਦੀ ਜ਼ਮੀਰ ਕਿੱਥੇ ਹੈ ? ਖ਼ੁਦਾ ਖੁਦ ਕਿੱਥੇ ਹੈ ? ਆਪਣੇ ਬੰਦਿਆਂ ਨੂੰ ਤਮੀਜ਼ ਕਿਉਂ ਨਹੀਂ ਬਖ਼ਸ਼ਦਾ। ਏਨਾ ਦੰਗਿਆਂ 'ਚ ਮਰ ਗਏ ਇਕ ਨੌਜਵਾਨ

ਦੀ ਲਾਸ਼ ਮੇਰੀ ਗਲੀ 'ਚ ਪਈ ਹੋਈ ਹੈ। ਜਿਸ ਨੂੰ ਅਣਡਿੱਠਾ ਕਰਕੇ ਲੋਕ ਆਪਣੇ ਕੰਮਾਂ-ਕਾਰਾਂ 'ਚ ਰੁਝ ਗਏ ਹਨ। ਉਸ ਮਰੇ ਹੋਏ ਬੰਦੇ ਦੀਆਂ ਖੁੱਲ੍ਹੀਆਂ ਅੱਖਾਂ 'ਚ ਇਕ ਤੜਫ਼ਦਾ ਹੋਇਆ ਸੁਪਨਾ ਵੀ ਹੈ।

ਮੈਂ ਕਮਰੇ 'ਚੋਂ ਭੱਜ ਜਾਣਾ ਚਾਹੁੰਦਾ ਹਾਂ ਬਾਹਰ ਨਿਕਲਦਾ ਹਾਂ, ਇਕ ਪਰਿਵਾਰ ਦੇ ਮੈਂਬਰ ਕਈ ਸੁਆਲ ਲੈ ਕੇ ਖੜ੍ਹੇ ਹਨ ਜੋ ਪਿਸ਼ਵਾਰ ਤੋਂ ਹਿਜ਼ਰਤ ਕਰਕੇ ਭਾਰਤ ਆ ਗਏ ਹਨ। ਇਸ ਪਰਿਵਾਰ ਦੇ ਮੁਖੀ ਦਾ ਨਾਮ ਰਘਬੀਰ ਸਿੰਘ ਹੈ ਜੋ ਪਹਿਲਾਂ ਸਿੱਖ ਪਰਿਵਾਰ ਹੈ ਜਿਸ ਨੇ ਪਿਸ਼ਾਵਰ ਤੋਂ ਹਿਜ਼ਰਤ ਕੀਤੀ ਹੈ। ਦੁਨੀਆਂ ਕਿੱਧਰ ਨੂੰ ਜਾ ਰਹੀ ਹੈ। ਕਿਤੇ ਵੀ ਕੋਈ ਸੁਰੱਖਿਅਤ ਨਹੀਂ ਹੈ। ਮੇਰੇ ਕੋਲ ਉਹਨਾਂ ਦੇ ਸੁਆਲਾਂ ਦੇ ਕੋਈ ਜੁਆਬ ਨਹੀਂ ਹਨ। ਮੱਥੇ ਦੀ ਨਾੜ ਫੜਕਦੀ ਹੈ। ਮੈਂ ਮਰੀਆਂ ਹੋਈਆਂ ਅੱਖਾਂ ਝਪਕਦਾ ਹਾਂ ਤੇ ਵੇਖਦਾ ਹਾਂ ਕਿ ਅਫ਼ਗਾਨਿਸਤਾਨ 'ਚ ਹਿੰਦੂ ਸਿੱਖ ਭਾਰਤ ਆਉਣ ਲਈ ਤਰਲੋਮੱਛੀ ਹੋ ਰਹੇ ਹਨ। ਪਰ ਭਾਰਤ ਸਰਕਾਰ ਉਹਨਾਂ ਦੇ ਵੀਜ਼ਾ ਜਾਰੀ ਨਹੀਂ ਕਰ ਰਹੀ। ਅਫ਼ਗਾਨਿਸਤਾਨ ਦੀ ਰਾਜਧਾਨੀ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਉੱਥੇ ਸਿਰਫ਼ 10 ਅਫ਼ਗਾਨ ਹਿੰਦੂ ਤੇ ਸਿੱਖ ਹੀ ਰਹਿ ਗਏ ਹਨ ਜੋ ਮੌਤ ਦੇ ਸਾਏ ਹੇਠ ਜ਼ਿੰਦਗੀ ਬਤੀਤ ਕਰ ਰਹੇ ਹਨ। ਕਾਬੁਲ ਤੋਂ 150 ਕਿਲੋਮੀਟਰ ਦੂਰ ਗਜ਼ਨੀ 'ਚ ਇਕੋ ਇਕ ਸਿੱਖ ਸੁਰਬੀਰ ਸਿੰਘ ਹੈ। ਦੋ ਸਿੱਖ ਕੰਧਾਰ ਤੇ 7 ਸਿੱਖ ਕਾਬੁਲ 'ਚ ਰਹੇ ਹਨ। ਕੀ ਇਹ ਵੀ ਉੱਥੇ ਕਿਸੇ ਅੱਤਵਾਦੀ ਹਮਲੇ ਦਾ ਸ਼ਿਕਾਰ ਹੋ ਕੇ ਮਾਰੇ ਜਾਣਗੇ। ਜੇ ਉਹ ਭਾਰਤ ਆਉਣ ਵਿਚ ਸਫ਼ਲ ਵੀ ਹੋ ਜਾਦੇ ਹਨ ਤਾਂ ਭਾਰਤ ਤੋਂ ਭੱਜ ਕੇ ਕਿੱਥੇ ਜਾਣਗੇ ? ਏਨੇ 'ਚ ਹੀ ਹੋਲੀ ਦੇ ਰੰਗਾਂ 'ਚ ਰਲੇ ਖ਼ੂਨ ਦੇ ਛਿੱਟੇ ਮੇਰੇ ਮੂੰਹ 'ਤੇ ਆ ਕੇ ਪੈਂਦੇ ਹਨ ਜਿਹੜੇ ਹਿੰਦੂ ਵਿਦਿਆਰਥੀ ਲਾਹੌਰ ਦੀ ਪੰਜਾਬ ਯੂਨੀਵਰਸਿਟੀ 'ਚ ਹੋਲੀ ਵਾਲੇ ਦਿਨ ਹੋਲੀ ਖੇਡ ਰਹੇ ਸਨ ਜਿਨ੍ਹਾਂ ਦੀ ਉੱਥੋਂ ਦੇ ਲੋਕਾਂ ਨੇ ਕੁੱਟਮਾਰ ਕੀਤੀ ਜਿੰਨਾਂ ਨੂੰ ਥਾਣੇ ਜਾ ਕੇ ਵੀ ਇਨਸਾਫ਼ ਨਹੀਂ ਮਿਲਿਆ।

ਮੈਂ ਸਭ ਕੁਛ ਤੋਂ ਘਬਰਾ ਕੇ ਆਪਣੇ ਕਮਰੇ ਵੱਲ ਦੌੜਦਾ ਹਾਂ ਜਿੱਥੇ ਚਾਰ ਮਹੀਨੇ ਦੀ ਗਰਭਵਰਤੀ ਔਰਤ ਦੀ ਲਾਸ਼ ਪੱਖੇ ਨਾਲ ਲਟਕ ਰਹੀ ਹੈ। 22 ਸਾਲਾਂ ਦੀ ਪੂਜਾ ਜੋ ਆਪਣੇ ਸਹੁਰਿਆਂ ਦੀ ਮੰਗ 'ਤੇ ਕਾਰ ਨਹੀਂ ਸੀ ਲੈ ਕੇ ਆਈ। ਉਸ ਦੇ ਪੇਟ 'ਚੋਂ ਚਾਰ ਮਹੀਨੇ ਦਾ ਭਰੂਣ ਨਿਕਲ ਕੇ ਮੇਰੇ ਟੇਬਲ 'ਤੇ ਪਿਆ ਮੈਨੂੰ ਸੁਆਲ ਕਰ ਰਿਹਾ ਹੈ। ਭਲਾ ਮੈਂ ਕੀ ਜੁਆਬ ਦੇ ਸਕਦਾ ਹਾਂ ?

ਮੇਰੇ ਵਿਹੜੇ 'ਚ ਸ਼ਹੀਦਾਂ ਦੀਆਂ ਤਸਵੀਰਾਂ ਤਿੜਕੇ ਹੋਏ ਫਰੇਮਾਂ 'ਚੋਂ ਮੈਨੂੰ ਲਾਹਨਤਾਂ ਪਾ ਰਹੀਆਂ ਹਨ। ਇਹ ਖਟਕੜ ਕਲਾਂ 'ਚ ਉਤਾਰ ਦਿੱਤੀਆਂ ਗਈਆਂ ਹਨ ਜਿਥੇ ਸਾਡੇ ਮੁੱਖ ਮੰਤਰੀ ਦੀ ਤਸਵੀਰ ਲੱਗ ਗਈ ਹੈ। ਸੰਪਾਦਕ ਦਾ ਕਮਰਾ ਕਿਰਚਾਂ ਨਾਲ ਭਰਿਆ ਪਿਆ ਹੈ।

## ਅਦਬੀ ਮੇਲਿਆਂ, ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਸਾਰਥਿਕਤਾ ! ਤੇ ਲੈਣ ਦੇਣ ਦੀ ਸਾਰਥਿਕਤਾ !

ਮੈਨੂੰ ਇਸ ਗੱਲ ਦਾ ਭਲੀਭਾਂਤ ਇਲਮ ਹੈ ਕਿ ਮੇਰੀਆਂ ਸੰਪਾਦਕੀ ਟਿੱਪਣੀਆਂ ਦਾ ਮੁੱਲ ਨਰਾਜ਼ਗੀ ਸਹੇੜ ਕੇ ਤਾਰਨਾ ਪੈਂਦਾ ਹੈ। ਇਸ ਸਭ ਕੁਝ ਨੂੰ ਮੈਂ ਖਿੜੇ ਮੱਥੇ ਪ੍ਰਵਾਨ ਵੀ ਕਰਦਾ ਹਾਂ ਚਾਹੇ ਉਹ ਵਰਤਾਰਾ ਕਿਸੇ ਵੱਡੀ ਸਾਹਿਤਕ ਸੰਸਥਾ, ਵੱਖ-ਵੱਖ ਈਜ਼ਾਦ ਹੋਈਆਂ ਅਕਾਦਮੀਆਂ ਜਾਂ ਫਿਰ ਦੂਰਦਰਸ਼ਨ 'ਤੇ ਕਵਿਤਾ ਪੜ੍ਹਨ-ਪੜ੍ਹਾਉਣ ਦੇ ਮਨਸੂਬਿਆਂ ਬਾਰੇ ਹੋਵੇ, ਇਸ ਬਾਬਤ ਜਾਗਦੀ ਜ਼ਮੀਰ ਵਾਲੇ ਕਲਮਕਾਰ ਨੂੰ ਆਪਣਾ ਪ੍ਰਤੀਕਰਮ ਪ੍ਰਗਟ ਕਰਨਾ ਚਾਹੀਦਾ ਹੈ ਤੇ ਜਿੰਨਾ ਕੁ ਮੇਰੀ ਸਮਝ 'ਚ ਆਉਂਦਾ ਹੈ ਮੈਂ ਕਰਦਾ ਹਾਂ ਇਹ ਸਭ ਕਰਦਿਆਂ ਮੈਂ ਕਿਸੇ ਬੋਝ ਹੇਠ ਨਹੀਂ ਹੁੰਦਾ ਤੇ ਮੈਨੂੰ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸੰਸਥਾਵਾਂ, ਅਦਬੀ ਮੇਲਿਆਂ ਦੇ ਜਿਸ ਗੰਧਲੇਪਣ ਸਾਹਿਤਕ ਪ੍ਰਦੂਸ਼ਣ ਬਾਰੇ ਮੈਂ ਗੱਲ ਕਰ ਰਿਹਾ ਹਾਂ ਉਹ ਹੋਰ ਗੰਧਲਾ ਹੋਈ ਜਾਣਾ ਹੈ, ਕਿਸੇ ਨੂੰ ਕੋਈ ਫ਼ਰਕ ਨਹੀਂ ਪੈਣਾ।

ਅਦਬੀ ਮੇਲਿਆਂ ਦੀ ਵੇਖੋ-ਵੇਖੀ ਰੀਤ ਤੁਰ ਪਈ ਹੈ। ਚਾਹੇ ਉਹ ਕਵਿਤਾ ਦੇ ਕੁੰਭ ਮੇਲੇ ਹੋਣ, ਚਾਹੇ ਕਲਮਾਂ ਦੇ ਕਾਫ਼ਲੇ, ਕਿਸੇ ਸੰਸਥਾਂ ਵੱਲੋਂ ਕਰਵਾਇਆ ਜਾਂਦਾ ਸਲਾਨਾ ਸਮਾਗਮ ਤੇ ਚਾਹੇ ਵਿਸ਼ਵ ਪੰਜਾਬੀ ਕਾਨਫਰੰਸ। ਇਹ ਸਭ ਪਹਿਲਾਂ ਵੀ ਹੁੰਦਾ ਆਇਆ ਹੈ ਤੇ ਹੁਣ ਵੀ ਹੋ ਰਿਹਾ ਹੈ ਤੇ ਆਉਣ ਵਾਲੇ ਸਮਿਆਂ 'ਚ ਵੀ ਹੁੰਦਾ ਰਹਿਣਾ ਹੈ। ਏਨਾ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਅਦਬੀ ਮੇਲਿਆਂ ਦੇ ਅਤੀਤ, ਵਰਤਮਾਨ ਤੇ ਭਵਿੱਖ ਦੇ ਮਨਸੂਬਿਆਂ ਤੇ ਨਕਸ਼ਾਂ ਨੂੰ ਪਛਾਨਣ ਦੀ ਲੋੜ ਹੈ ਨਹੀਂ ਤਾਂ ਇਹ ਸਭ ਕੁਝ ਏਨਾ ਧੁੰਦਲਾ ਹੋ ਜਾਣਾ ਹੈ ਕਿ 'ਸਾਹਿਤ' ਬਹੁਤ ਘੱਟ ਰਹਿ ਜਾਣਾ ਹੈ ਤੇ "ਵਾਜਿਆਂ-ਢੋਲੀਆਂ" ਦਾ ਬੋਲ-ਬਾਲ ਜ਼ਿਆਦਾ ਹੋ ਜਾਣਾ ਹੈ (ਪਹਿਲਾਂ ਵੀ ਘੱਟ ਨਹੀਂ) ਕੀ ਏਨਾਂ ਅਦਬੀ ਮੇਲਿਆਂ, ਕਾਨਫ਼ਰੰਸਾਂ ਦੀ ਸਾਰਥਿਕਤਾ ਇਹੋ ਰਹਿ ਗਈ ਹੈ ਕਿ ਕਵੀਆਂ/ਕਵਿੱਤਰੀਆਂ ਦੀਆਂ ਰਚਨਾਵਾਂ ਦੀ ਬਜਾਏ ਸੁਰਖੀਆਂ ਬਿੰਦੀਆਂ ਵਾਲੀਆਂ ਫੋਟੋਆਂ ਦਾ ਪ੍ਰਚਾਰ ਹੋਵੇ। ਪਹਿਲਾਂ ਵਿਆਹਾਂ ਸ਼ਾਦੀਆਂ ਵੇਲੇ ਬਿਊਟੀ ਪਾਰਲਰਾਂ ਤੱਕ ਪਹੁੰਚ ਕੀਤੀ ਜਾਂਦੀ ਸੀ ਤੇ ਹੁਣ ਸਾਹਿਤਕ ਮੇਲਿਆਂ 'ਚ ਕਵਿਤਾ ਪੜ੍ਹਨ ਵੇਲੇ। ਪ੍ਰਸਿੱਧੀ ਪ੍ਰਾਪਤ ਕਰਨ ਲਈ ਅਸੀਂ ਸਾਹਿਤ ਰਾਹੀਂ ਨਵੇਂ ਤਰੀਕੇ ਈਜ਼ਾਦ ਕਰ ਲਏ ਹਨ। ਏਨਾ ਮੇਲਿਆਂ 'ਚ ਇਕ ਜਸ਼ਨ ਵਰਗਾ ਮਾਹੌਲ ਜ਼ਰੂਰ ਹੁੰਦਾ ਹੈ ਤੇ ਹੋਣਾ ਵੀ ਚਾਹੀਦਾ ਹੈ